# ਪਹਿਲਾ ਈਸਟਰ (ਪਹਿਲ ਈਸਟਰ)




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Lyn Doerksen


ਕਹਾਣੀ 54 ਤੋ 60


**M1914.org**

**Bible for Children, PO Box 3, Winnipeg MB R3C 2G1 Canada**



ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਉਹ ਔਰਤ ਪਹਾੜੀ ਦੇ ਇੱਕ ਪਾਸੇ ਸ਼ੋਰ ਗੁੱਲ ਵਿੱਚ ਖੜੀ ਸੀ, ਉਸਦੀਆਂ ਦੁਖੀ ਅੱਖਾਂ ਉਸ ਭਿਆਨਕ ਘਟਨਾਂ ਵਾਲੇ ਸਥਾਂਨ ਵਾਲੇ ਸਥਾਂਨ ਨੂੰ ਨੂੰ ਵੇਖ ਰਹੀਆਂ ਸਨ।



1

ਉਸਦਾ ਦਾ ਬੇਟਾ ਮਰ ਰਿਹਾ ਸੀ। ਉਸਦੀ ਮਾਤਾ ਮਰਿਯਮ ਅਤੇ ਉਹ ਨੇੜੇ ਹੋ ਕੇ ਖੜ ਗਈਆਂ ਜਿਥੇ ਯਿਸੂ ਨੂੰ ਸਲੀਬ ਤੇ ਕਿੱਲ ਠੋਕੇ ਗਏ ਸਨ।



2

ਤਦ ਰੋਮੀ ਸਿਪਾਹੀਆਂ ਨੇ ਮੋਹਰਬੰਦ ਕਰਕੇ ਕਬਰ ਤੇ ਸਿਪਾਹੀਆਂ ਦਾ ਪਹਿਰਾ ਲਗਾ ਦਿੱਤਾ। ਹੁਣ ਨਾ ਤਾਂ ਕੋਈ ਅੰਦਰ ਜਾ ਸਕਦਾ ਸੀ ਅਤੇ ਨਾਂ ਹੀ ਬਾਹਰ ਆ ਸਕਦਾ ਸੀ।



19

ਜੇਕਰ ਇਹ ਕਹਾਣੀ ਦਾ ਅੰਤ ਹੁੰਦਾ ਇਹ ਕਿੰਨੀ ਦੁੱਖ ਦੀ ਗੱਲ ਹੁੰਦੀ। ਪਰ ਪਰਮੇਸ਼ਵਰ ਨੇ ਕੁੱਝ ਅਜ਼ੀਬ ਕੰਮ ਕੀਤਾ। ਯਿਸੂ ਮਰਿਆਂ ਨਾ ਰਿਹਾ।



20

ਹਫਤੇ ਦੇ ਪਹਿਲੇ ਦਿਨ ਪਹੁੰ ਫੁੱਟਣ ਤੋ ਪਹਿਲਾਂ ਯਿਸੂ ਦੇ ਕੁੱਝ ਚੇਲਿਆਂ ਨੇ ਪਾਇਆ ਕਿ ਪੱਥਰ ਕਬਰ ਤੋ ਹਟਿਆਂ ਹੋਇਆ ਹੈ। ਜਦ ਉਨ੍ਹਾਂ ਨੇ ਅੰਦਰ ਵੇਖਿਆਂ ਯਿਸੂ ਉਥੇ ਨਹੀ ਸੀ।



21

ਇੱਕ ਔਰਤ ਖੜੀ ਕਬਰ ਦੇ ਕੋਲ ਰੋਂਦੀ ਰਹੀ। ਯਿਸੂ ਨੇ ਉਸਨੂੰ ਦਰਸ਼ਨ ਦਿੱਤਾ। ਉਹ ਪ੍ਰਸੰਨਤਾ ਪੂਰਨ ਹੋ ਕੇ ਤੇਜ਼ ਰਫ਼ਤਾਰ ਨਾਲ ਗਈ ਕਿ ਚੇਲਿਆਂ ਨੂੰ ਦੱਸੇ। "ਯਿਸੂ ਜਿੰਦਾ ਹੈ ! ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਹੈ।"



22



ਜਲਦੀ ਹੀ ਯਿਸੂ ਚੇਲਿਆਂ ਕੋਲ ਆਇਆ, ਅਤੇ ਆਪਣੇ ਕਿੱਲਾਂ ਵਾਲੇ ਹੱਥਾਂ ਨੂੰ ਵਖਾਇਆ ।ਇਹ ਸੱਚ ਸੀ। ਯਿਸੂ ਫ਼ਿਰ ਜਿੰਦਾ ਹੋ ਗਿਆ। ਉਸਦੇ ਇਨਕਾਰ ਕਰਨ ਦੇ ਬਾਵਜੂਦ, ਉਸਨੇ ਪਤਰਸ ਨੂੰ ਮਾਫ਼ ਕਰ ਦਿੱਤਾ, ਅਤੇ ਆਪਣੇ ਚੇਲਿਆਂ ਨੂੰ ਕਿਹਾ ਕਿ ਉਸਦੇ ਬਾਰੇ ਹਰੇਕ ਨੂੰ ਦੱਸੋ। ਤਦ ਉਹ ਸਵਰਗ ਨੂੰ ਵਾਪਿਸ ਚਲਾ ਗਿਆ। ਜਿੱਥੋ ਉਹ ਪਹਿਲਾਂ ਆਇਆ ਸੀ।

23

ਪਹਿਲਾ ਈਸਟਰ (ਪਹਿਲ ਈਸਟਰ)

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਮੱਤੀ ਦੀ ਇੰਜ਼ੀਲ 26–28, ਲੂਕਾ ਦੀ ਇੰਜ਼ੀਲ 22–24,
ਯਹੂੰਨਾ ਦੀ ਇੰਜ਼ੀਲ 13–21

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।

ਪੰਜ਼ਾਬੀ Punjabi


ਇਹ ਸਭ ਕਿਵੇ ਹੋਇਆ, ਯਿਸੂ ਦੀ
ਖੂਬਸੂਰਤ ਜਿੰਦਗੀ ਦਾ ਅੰਤ ਇਸ
ਤਰ੍ਹਾਂ ਦੇ ਭਿਆਨਕ ਹਾਲਾਤ ਵਿੱਚ
ਕਿਵੇਂਹੋ ਸਕਦਾ ਹੈ?
ਪਰਮੇਸ਼ਵਰ ਨੇ ਇਹ
ਕਿਵੇ ਹੋਣ ਦਿੱਤਾ ਕਿ
ਉਸਦੇ ਪੁੱਤਰ ਨੂੰ
ਸਲੀਬ ਤੇ ਕਿੱਲ ਠੋਕੇ
ਜਾਣ ਤੇ ਉਥੇ ਮਰ ਜਾਵੇ?
ਕਿ ਯਿਸੂ ਤੋ ਉਸ ਸਬੰਧ ਵਿੱਚ
ਭੁੱਲ ਹੋਈ ਕਿ ਉਹ ਕੀ ਸੀ ਕਿ
ਪਰਮੇਸ਼ਵਰ ਅਸਫਲ ਹੋਇਆ।
3
ਨਹੀ ! ਪਰਮੇਸ਼ਵਰ ਅਸਫਲ ਨਹੀ
ਹੋਇਆ ।ਯਿਸੂ ਨੇ ਕੋਈ ਵੀ
ਗਲਤੀ ਨਹੀ ਕੀਤੀ ਸੀ। ਯਿਸੂ
ਹਮੇਸ਼ਾ ਤੋ ਜਾਣਦਾ ਸੀ ਕਿ ਉਹ
ਦੁਸ਼ਟ ਲੋਕਾਂ ਦੁਆਰਾ ਮਾਰਿਆਂ
ਜਾਵੇਗਾ। ਜਦ ਕਿ ਯਿਸੂ ਇੱਕ
ਬੱਚਾ ਸੀ। ਇੱਕ ਬਜ਼ੁਰਗ ਮਨੁੱਖ
ਸਿਮਓਨ ਨੇ ਮਰਿਯਮ ਨੂੰ ਕਿਹਾ ਸੀ
ਕਿ ਇਹ ਦੁੱਖਾਂ ਨਾਲ ਨਾ ਅੱਗੇ
ਵਧੇਗਾ।
4
ਯਿਸੂ ਦੇ ਮਾਰੇ
ਜਾਣ ਤੋ ਕੁੱਝ ਦਿਨ
ਪਹਿਲਾਂ, ਇੱਕ ਔਰਤ
ਨੇ ਆਣ ਕੇ ਉਸਦੇ ਪੈਰਾ
ਨੂੰ ਇੱਤਰ ਨਾਲ ਮਲੱਮ ਕੀਤੀ।
ਚੇਲਿਆਂ ਨੈ ਸ਼ਿਕਾਅਤ ਕੀਤੀ,
ਉਹ ਪੈਸਾ ਬਰਬਾਦ ਕਰ ਰਹੀ
ਹੈ। ਯਿਸੂ ਨੇ ਕਿਹਾ ਉਸਨੇ
ਬਹੁਤ ਚੰਗਾਂ ਕੰਮ ਕੀਤਾ ਹੈ।
ਉਸਨੇ ਮੇਰੇ ਦਫ਼ਨਾਉਣ ਲਈ
ਕੀਤਾ ਹੈ। ਕਿੰਨੇ ਅਚਰਜ਼
ਸ਼ਬਦ ਹਨ !
5
ਉਸਦੇ ਬਾਅਦ ਯਹੂਦਾ ਜੋ ਯਿਸੂ ਦੇ
ਬਾਰਾਂ ਚੇਲਿਆਂ ਵਿੱਚੋ ਇੱਕ ਸੀ ਮੰਨ
ਗਿਆ ਕਿ ਉਹ ਮਹਾਂ ਯਾਜਕਾ ਲਈ
ਯਿਸੂ ਨੂੰ ਚਾਂਦੀ ਦੇ ਤੀਹ ਸਿੱਕਿਆ
ਲਈ ਧੋਖਾ ਦੇਵੇਗਾ।
6
ਯਹੂਦੀਆਂ ਦੇ ਫਸਹ ਦੇ ਤਿਉਹਾਰ ਤੇ ਯਿਸੂ
ਨੇ ਆਪਣਾ ਆਖਰੀ ਭੋਜਨ ਆਪਣੇ ਚੇਲਿਆਂ
ਦੇ ਨਾਲ ਕੀਤਾ। ਉਸਨੇ ਉਨ੍ਹਾਂ ਨੂੰ ਪਰਮੇਸ਼ਵਰ
ਅਤੇ ਉਸਦੇ ਵਾਇਦੇ ਦੇ ਬਾਰੇ ਅਜ਼ੀਬ ਗੱਲਾਂ
ਦੱਸੀਆਂ ਜੋ ਉਸ ਨੂੰ ਪਿਆਰ ਕਰਦੇ ਸਨ।
ਤਦ ਯਿਸੂ ਨੇ ਰੋਟੀ ਅਤੇ ਮੈ ਦਾ ਪਿਆਲਾ
ਉਨ੍ਹਾਂ ਨੂੰ ਵੰਡਣ ਲਈ ਦਿੱਤਾ। ਇਹ ਉਨ੍ਹਾਂ ਨੂੰ
ਯਾਦ ਦਿਲਾਉਣ ਲਈ ਸੀ। ਕਿ ਯਿਸੂ
ਦਾ ਸਰੀਰ ਅਤੇ ਲਹੂ
ਪਾਪਾਂ ਦੀ ਮਾਫ਼ੀ ਦੇ
ਲਈ ਦਿੱਤਾ ਗਿਆ ਹੈ।
7
ਤਦ ਯਿਸੂ ਨੇ ਆਪਣੇ ਮਿੱਤਰਾਂ ਨੂੰ ਕਿਹਾ ਕਿ ਮੈਨੂੰ ਧੋਖਾਂ ਦਿੱਤਾ ਜਾਵੇਗਾ, ਅਤੇ
ਤੁਸੀ ਭੱਜ਼ ਜਾਵੋਗੇ । ਪਤਰਸ ਨੇ ਜਿਦ ਕੀਤੀ ਕਿ ਮੈ ਨਹੀ ਭੱਜਾਗਾ। ਯਿਸੂ
ਨੇ ਕਿਹਾ, ਮੁਰਗੇ ਦੇ ਬਾਂਗ ਦੇਣ ਤੋ ਪਹਿਲਾਂ ਤੂੰ ਮੇਰਾ ਤਿੰਨ ਵਾਰ ਇੰਨਕਾਰ
ਕਰੇਗਾ।
8
ਉਸ ਰਾਤ ਦੇਰ ਤੱਕ ਯਿਸੂ
ਪ੍ਰਾਥਨਾ ਕਰਨ ਲਈ ਗਤਸਮਨੀ
ਬਾਗ ਵਿੱਚ ਗਿਆ। ਜੋ ਚੇਲੇ
ਉਹਦੇ ਨਾਲ ਗਏ ਸਨ ਉਹਨਾਂ
ਨੂੰ ਨੀਂਦ ਆ ਗਈ ਯਿਸੂ ਨੇ
ਪ੍ਰਾਥਨਾ ਕੀਤੀ ''ਐ ਮੇਰੇ ਪਿਤਾ
ਹੋ ਸਕੇ ਤਾਂ ਇਹ ਪਿਆਲਾ ਮੇਰੇ
ਤੋ ਟਲ ਜਾਵੇ। ਪਰ ਫੇਰ ਵੀ
ਮੇਰੀ ਨਹੀ ਬਲਕਿ ਤੁਹਾਡੀ
ਇੱਛਾ ਪੂਰੀ ਹੋਵੇ।
9
ਅਚਾਨਕ ਇੱਕ ਵੱਡੀ ਭੀੜ ਬਾਗ ਵਿੱਚ ਆ ਗਈ,
ਜਿਸ ਦੀ ਅਗਵਾਈ ਯਹੂਦਾ ਕਰ ਰਿਹਾ ਸੀ। ਯਿਸੂ
ਨੇ ਉਹਨਾਂ ਨੂੰ ਕੁੱਝ ਨਾ ਕੀਤਾ। ਪਰ ਪਤਰਸ
ਨੇ ਇੱਕ ਆਦਮੀ ਦਾ ਕੰਨ ਵੱਢ ਦਿੱਤਾ।
ਹੋਲੀ ਨਾਲ ਯਿਸੂ ਨੇ ਉਸਦੇ ਕੰਨ ਨੂੰ
ਛੁਹਿਆਂ ਅਤੇ ਠੀਕ ਕਰ ਦਿੱਤਾ।
ਯਿਸੂ ਜਾਣਦਾ ਸੀ ਕਿ ਉਸ ਦਾ
ਫੜਵਾਇਆ ਜਾਣਾ ਪਰਮੇਸ਼ਵਰ
ਦੀ ਯੋਜਨਾ ਹੈ।
10
ਉਹ ਭੀੜ ਯਿਸੂ ਨੂੰ ਮਹਾਯਾਜਕ ਦੇ ਘਰ ਲੈ ਗਈ। ਉੱਥੇ ਯਹੂਦੀਆਂ
ਸਰਦਾਰਾਂ ਨੇ ਕਿਹਾ ਯਿਸੂ ਮਾਰੇ ਜਾਣ ਦੇ ਯੋਗ ਹੈ। ਪਤਰਸ ਉਹਨਾਂ ਦੇ ਨੇੜੇ
ਜਾ ਕੇ ਖੜਾ ਹੋ ਗਿਆ ਅਤੇ
ਉਤੇਜਿਤ ਹੋ ਕੇ ਵੇਖਣ ਲੱਗਾ।
ਲੋਕਾਂ ਨੇ ਤਿੰਨ ਵਾਰ ਪਤਰਸ
ਨੂੰ ਵੇਖ ਕੇ ਘੂਰਿਆਂ ਅਤੇ
ਕਿਹਾ ਤੂੰ ਵੀ ਯਿਸੂ
ਦੇ ਨਾਲ ਸੀ।
11
''ਪਤਰਸ ਨੇ ਤਿੰਨ ਵਾਰ
ਇਨਕਾਰ ਕੀਤਾ ਜਿਸ ਤਰ੍ਹਾਂ
ਯਿਸੂ ਨੇ ਉਸ ਨੂੰ ਕਿਹਾ
ਸੀ।ਇੱਥੇ ਤੱਕ ਕਿ ਪਤਰਸ ਨੇ
ਆਪਣੇ ਆਪ ਨੂੰ ਸਰਾਪਿਆਂ
ਅਤੇ ਸੌਹ ਖਾਦੀ।
12
ਕਿੱ-ਕੋਕ-ਡੂਡਲੀ-ਡੂ
ਉਸ ਸਮੇਂ ਮੁਰਗੇ ਨੇ ਬਾਂਗ ਦਿੱਤੀ।
ਇੱਕ ਪਾਸੇ ਪਤਰਸ ਲਈ ਇਹ
ਪਰਮੇਸ਼ਵਰ ਦੀ ਆਵਾਜ਼ ਸੀ।
ਯਿਸੂ ਦੇ ਸ਼ਬਦਾਂ ਨੂੰ ਯਾਦ ਕਰਕੇ,
ਪਤਰਸ ਭੁੱਬਾਂ ਮਾਰ ਕੇ ਰੋਇਆ।
13
ਯਹੂਦਾ ਵੀ ਪਛਤਾਇਆ।
ਉਹ ਜਾਣਦਾ
ਸੀ ਕਿ ਯਿਸੂ ਕਿਸੇ ਪਾਪ ਜਾਂ ਅਪਰਾਧ ਲਈ
ਕਸੂਰਵਾਰ ਨਹੀ ਸੀ। ਯਹੂਦਾ ਚਾਂਦੀ ਦੇ ਤੀਹ
ਸਿੱਕਿਆ ਨੂੰ ਵਾਪਿਸ ਲੈ ਗਿਆ। ਪਰ
ਯਾਜਕ ਨੇ ਨਾ ਲਏ। ਯਹੂਦਾ ਨੇ ਪੈਸੇ
ਥੱਲੇ ਸਿੱਟੇ ਬਾਹਰ ਗਿਆ ਅਤੇ
ਆਪਣੇ ਆਪ ਨੂੰ ਫਾਂਸੀ
ਲਾ ਲਈ।
14
ਯਾਜਕ ਯਿਸੂ ਨੂੰ ਪਿਲਾਤੁਸ ਦੇ ਸਾਹਮਣੇ
ਲੈ ਗਏ, ਉਹ ਰੋਮ ਦਾ ਰਾਜਪਾਲ ਸੀ।
ਪਿਲਾਤੁਸ ਨੇ ਆਖਿਆਂ, ਮੈ ਇਸ ਮਨੁੱਖ
ਵਿੱਚ ਕੋਈ ਬੁਰਾਈ ਨਹੀ
ਪਾਈ "। ਪਰ ਭੀੜ ਚੀਕਦੀ
ਹੀ ਰਹੀ ਕਿ ਇਸ ਨੂੰ ਸੂਲੀ ਤੇ
ਚੜਾਉ ! ਸੂਲੀ ਤੇ ਚੜਾਉ !"
15
ਆਖਿਰ ਵਿੱਚ ਪਿਲਾਤੁਸ ਨੇ ਯਿਸੂਨੂੰ ਸੌਂਪ ਦਿੱਤਾ ਅਤੇ
ਸਜ਼ਾ ਸੁਣਾਈ ਕਿ ਯਿਸੂ ਨੂੰ ਸਲੀਬੀ ਮੌਤ ਦਿੱਤੀ ਜਾਵੇ।
ਸਿਪਾਹੀਆਂ ਨੇ ਯਿਸੂ ਦੇ ਮੁੱਕੇ ਮਾਰੇ, ਉਸਦੇ ਮੂੰਹ ਤੇ
ਥੁੱਕਿਆ, ਅਤੇ ਕੋੜੇ ਮਾਰੇ। ਉਹਨਾਂ ਨੇ ਇੱਕ ਲੰਬੇ
ਤੇਜ਼ ਕੰਡਿਆਂ ਦਾ ਕਸ਼ਟ ਦਾਇਕ ਤਾਜ਼ ਬਣਾਇਆ,
ਅਤੇ ਦਬਾ ਕੇ ਉਸਦੇ ਸਿਰ ਤੇ ਰੱਖ ਦਿੱਤਾ। ਤਦ
ਉਨ੍ਹਾਂ ਲੱਕੜ ਦੀ ਸਲੀਬ ਉਤੇ ਉਸ ਨੂੰ
ਮਾਰਨ ਲਈ ਕਿੱਲ ਠੋਕੇ।
16
ਯਿਸੂ ਹਮੇਸ਼ਾ ਤੋ ਜਾਣਦਾ ਸੀ ਕਿ ਉਹ ਏਸੇ ਤਰ੍ਹਾਂ ਮਰੇਗਾ। ਉਹ ਇਹ
ਵੀ ਜਾਣਦਾ ਸੀ ਕਿ ਉਸ ਦੀ ਮੌਤ ਉਨ੍ਹਾਂ ਸਭ ਗੁਨੇਹਗਾਰਾਂ ਲਈ ਮਾਫ਼ੀ ਲੈ
ਕੇ ਆਵੇਗੀ ਜਿਹੜੇ ਉਸ ਤੇ ਭਰੋਸਾ ਰੱਖਦੇ ਹਨ।ਯਿਸੂ ਦੇ ਆਲੇ-ਦੁਆਲੇ ਦੋ
ਡਾਕੂ ਸਲੀਬ ਉਤੇ ਚੜਾਏ ਗਏ ਸੀ।
ਇੱਕ ਨੇ ਯਿਸੂ ਤੇ ਭਰੋਸਾ ਕੀਤਾ
ਅਤੇ ਉਹ ਸਵਰਗ ਵਿੱਚ ਗਿਆ।
ਦੂਸਰੇ ਨੇ ਨਹੀ ਕੀਤਾ।
17
ਕੁੱਝ ਘੰਟਿਆਂ ਦੇ ਕਸ਼ਟ ਤੋ ਬਾਅਦ
ਯਿਸੂ ਨੇ ਕਿਹਾ, ਸਮਾਪਤ ਹੋਇਆ"
ਅਤੇ ਮਰ ਗਿਆ। ਉਸਦਾ ਕੰਮ
ਖਤਮ ਹੋ ਗਿਆ ਸੀ। ਉਸਦੇ
ਦੋਸਤਾਂ ਨੇ ਉਸਨੂੰ ਨਿੱਜੀ
ਕਬਰ ਵਿੱਚ ਦਫ਼ਨਾਇਆ।
18